ਡਾਇਰੈਕਟੋਰੇਟ ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਮਿਊਂਸਪਲ ਭਵਨ ਪਲਾਟ ਨੰ: 3, ਸੈਕਟਰ-35 ਏ ਚੰਡੀਗੜ੍ਹ 160036
(ਅਮਲਾ ਸਾਖਾ)

ਈ.ਮੇਲ dlg.est555@gmail.com

ਪੱਤਰ ਨੰ: ਅਸ3-(ਸੁਨਾਮ/193)-ਡਸਸ-2019/........ ਮਿਤੀ.........

ਸੇਵਾ ਵਿਖੇ,

ਮੁੱਖ ਕਾਰਜਕਾਰੀ ਅਫਸਰ,
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,
ਚੰਡੀਗੜ੍ਹ।

ਵਿਸਾ : - **ਵਾਟਰ ਸਪਲਾਈ ਦੇ ਚਾਰ ਅੱਦਦ ਟਿਊਬਵੈਲ ਨਵੇ ਲਗਾਉਣ ਬਾਰੇ।**

***********

ਉਪਰੋਕਤ ਵਿਸੇ ਦੇ ਹਵਾਲੇ ਵਿੱਚ।

2. ਵਿਸੇ ਅਧੀਨ ਕੇਸ ਸਬੰਧੀ ਸੰਯੁਕਤ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਜੀ ਦੇ ਆਦੇਸਾਂ ਅਨੁਸਾਰ ਆਪ ਜੀ ਨੂੰ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਸੁਨਾਮ ਵੱਲੋਂ ਪ੍ਰਾਪਤ ਪਿੱਠ ਅੰਕਣ ਨੰ: 6035 ਮਿਤੀ 04-06-2019 ਦੀ ਕਾਪੀ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

**ਸੁਪਰਡੰਟ (ਅਮਲਾ)**

**ਪਿੱਠ ਅੰਕਣ ਨੰ:** ਅਸ3-(ਸੁਨਾਮ/193)-ਡਸਸ-2019/ .................... **ਮਿਤੀ** ..................

ਉਕਤ ਦਾ ਇੱਕ ਉਤਾਰਾ ਦਾ ਇੱਕ ਉਤਾਰਾ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਸੁਨਾਮ ਨੂੰ ਉਨ੍ਹਾਂ ਦੇ ਪਿੱਠ ਅੰਕਣ ਨੰ: 6035 ਮਿਤੀ 04-06-2019 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਸੁਪਰਡੰਟ (ਅਮਲਾ)**

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।**

ਪਿੱਠ ਅੰਕਣ ਨੰ: ਪਵਸਸਬ-2019/ਵ-3/ 17549 ਮਿਤੀ: 6/8/19

ਉਪਰੋਕਤ ਪੱਤਰ ਦੀ ਨਕਲ ਸਮੇਤ ਸਹਿੱਲਗ ਮੁੱਖ ਇੰਜੀਨੀਅਰ(ਪੂਰਬ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਵਿਸੇ ਅੰਕਿਤ ਕੇਸ ਤੇ ਲੋੜੀਦੀ ਕਾਰਵਾਈ ਕਰਦੇ ਹੋਏ ਵਿਸਥਾਰਪੂਰਵਕ ਰਿਪੋਰਟ ਸਿੱਧੇ ਤੋਰ ਤੇ ਸਬੰਧਤ ਨੂੰ ਭੇਜਦੇ ਹੋਏ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ ਤਾਂ ਜੋ ਉਸੇ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ।
ਨੱਥੀ/ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਵ)

# ਦਫਤਰ ਨਗਰ ਕੌਂਸਲ, ਸੁਨਾਮ ਊਧਮ ਸਿੰਘ ਵਾਲਾ।

ਅਮਲਾ ਸ਼ਾ ਾ
ਡਾਇਰੀ ਨੰ: 3870
ਮਿਤੀ 12/6/19

ਸੇਵਾ ਵਿਖੇ,

ਕਾਰਜ ਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਬੋਰਡ ,
ਸੰਗਰੂਰ ।

ਪੱਤਰ ਨੰ: ..........                    ਮਿਤੀ:..............

ਵਿਸ਼ਾ:- ਵਾਟਰ ਸਪਲਾਈ ਦੇ ਚਾਰ ਅੱਦਦ ਟਿਊਬਵੈਲ ਨਵੇ ਲਗਾਉਣ ਬਾਰੇ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ: 5617 ਮਿਤੀ 03-05-2019 ਦੀ ਲਗਾਤਾਰਤਾ ਵਿਚ ।

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਂਹੀ ਇਸ ਦਫਤਰ ਦੇ ਪੱਤਰ ਨੰ: 4478 ਮਿਤੀ 20-2-2019 ਰਾਂਹੀ ਬੇਨਤੀ ਕੀਤੀ ਗਈ ਸੀ ਕਿ ਸੁਨਾਮ ਸਹਿਰ ਨੂੰ ਨਿਰਵਿਘਨ ਪਾਣੀ ਦੀ ਸਪਲਾਈ ਜਾਰੀ ਰੱਖਣ ਲਈ ਚਾਰ ਅੱਦਦ ਨਵੇ ਟਿਊਬਵੈਲ ਲਗਾਉਣੇ ਅਤਿ ਜਰੂਰੀ ਹਨ।ਕਿਉਕਿ ਸ਼ਹਿਰ ਅੰਦਰ ਪਹਿਲਾ ਚੱਲ ਰਹੇ ਟਿਊਬਵੈਲਾ ਦਾ ਡਿਸਚਾਰਜ ਬਹੁਤ ਘੱਟ ਗਿਆ ਹੈ। ਜ਼ੋ ਕਿ ਨਿਮਨ ਅਨੁਸਾਰ ਹੈ

1.ਟਿਊਬਵੈਲ ਨੰ:11 ਅਤੇ ਟਿਊਬਵੈਲ ਨੰ:4 ਦਾ ਡਿਸਚਾਰਜ 800 ਐਲ.ਪੀ.ਐਮ.
2.ਟਿਊਬਵੈਲ ਨੰ: 12,13,14,ਦਾ ਡਿਸਚਾਰਜ 1200 ਐਲ.ਪੀ.ਐਮ.
3. ਟਿਊਬਵੈਲ ਨੰ: 7,8,9,10 ਦਾ ਡਿਸਚਾਰਜ 1000 ਐਲ.ਪੀ.ਐਮ.
4. ਟਿਊਬਵੈਲ ਨੰ: 1,5,6,ਦਾ ਡਿਸਚਾਰਜ 900 ਐਲ.ਪੀ.ਐਮ.

ਇਸ ਲਈ ਦੁਬਾਰਾ ਫਿਰ ਬੇਨਤੀ ਹੈ ਕਿ ਸੁਨਾਮ ਸ਼ਹਿਰ ਵਿਚ ਪਾਣੀ ਕਮੀ ਨੂੰ ਮੱਧੇ ਨਜਰ ਰੱਖਦੇ ਹੋਏ ਇਸ ਸ਼ਹਿਰ ਵਿਚ ਉਕਤ ਅਨੁਸਾਰ ਟਿਊਬਵੈਲਾ ਦਾ ਡਿਸਚਾਰਜ ਬਹੁਤ ਘੱਟ ਗਿਆ ਹੈ।ਅਤੇ ਪਾਣੀ ਦੀ ਸਪਲਾਈ ਘੱਟਣ ਕਾਰਨ ਉਚਿਆ ਥਾਵਾਂ ਤੇ ਪਾਣੀ ਦੀ ਸਮੱਸਿਆ ਬਹੁਤ ਵੱਧ ਗਈ ਹੈ ਜਿਸ ਕਰਕੇ ਪਬਲਿਕ ਵਿਚ ਹਾਹਾਕਾਰ ਮੱਚੀ ਹੋਈ ਹੈ ਅਤੇ ਉਹਨਾ ਵਲੋ ਬਾਰ-2 ਇਸ ਦਫਤਰ ਦੇ ਕਰਮਚਾਰੀਅ/ਅਧਿਕਾਰੀਆ ਨਾਲ ਦੁਰਵਿਵਹਾਰ ਕੀਤਾ ਜਾ ਰਿਹਾ ਹੈ।ਸੁਨਾਮ ਸਹਿਰ ਦੀ ਅਬਾਦੀ ਤਕਰੀਬਨ 75000 ਦੀ ਹੋ ਚੁੱਕੀ ਹੈ ਇਸ ਲਈ ਕ੍ਰਿਪਾ ਕਰਕੇ ਸਹਿਰ ਦੀ ਇਸ ਸਮੱਸਿਆ ਨੂੰ ਧਿਆਨ ਵਿਚ ਰੱਖਦੇ ਹੋਏ।ਪੰਜਾਬ ਸਰਕਾਰ/ਭਾਰਤ ਸਰਕਾਰ ਦੇ ਰਾਖਵੇ ਫੰਡਾ ਵਿਚੋ ਟਿਊਬਵੈਲ ਲਗਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।ਤਾ ਜ਼ੋ ਕਿ ਸ਼ਹਿਰ ਨਿਵਾਸੀਆ ਨੂੰ ਲੋੜ ਅਨੁਸਾਰ ਪਾਣੀ ਦੀ ਸਪਲਾਈ ਦਿੱਤੀ ਜਾ ਸਕੇ ਜੀ ।

ਕਾਰਜ ਸਾਧਕ ਅਫਸਰ,
ਨਗਰ ਕੌਂਸਲ,ਸੁਨਾਮ।

ਪਿੱਠ ਅੰਕਣ ਨੰ: 6035                    ਮਿਤੀ: 05/06/19

ਉਪਰੋਕਤ ਦਾ ਇੱਕ ਉਤਾਰਾ:ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਚੰਡੀਗੜ ਜੀ ਨੂੰ ਭੇਜ਼ ਕੇ ਬੇਨਤੀ ਹੈ ਕਿ ਸੁਨਾਮ ਸ਼ਹਿਰ ਦੀ ਇਸ ਸਮੱਸਿਆ ਦਾ ਹੱਲ ਜਲਦੀ ਤੋ ਜਲਦੀ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ।

ਕਾਰਜ ਸਾਧਕ ਅਫਸਰ,
ਨਗਰ ਕੌਂਸਲ,ਸੁਨਾਮ।